**Ministry of Education**

Minister

315 Front Street West
Toronto ON M7A 0B8

**Ministère de l'Éducation**

Ministre

315, rue Front Ouest
Toronto ON M7A 0B8

ਪਿਆਰੇ ਮਾਪਿਓ,

ਇਕ ਪੀੜ੍ਹੀ ਦੇ ਕਰੀਬ ਸਮੇਂ ਵਿੱਚ ਪਹਿਲੀ ਵਾਰ, ਸਾਡੀ ਸਰਕਾਰ ਨੇ ਸਾਰੀਆਂ ਟੀਚਰ ਯੂਨੀਅਨਾਂ ਨਾਲ ਕਾਮਯਾਬੀ ਨਾਲ ਐਗਰੀਮੈਂਟ ਕੀਤੇ ਹਨ ਅਤੇ ਸਕੂਲਾਂ ਵਿੱਚ ਹੜਤਾਲਾਂ ਹੋਣ ਨੂੰ ਰੋਕਿਆ ਹੈ। ਇਸ ਨਾਲ ਅਸੀਂ ਕਲਾਸਰੂਮਾਂ ਵਿੱਚ ਸਥਿਰਤਾ ਲਿਆਉਣ ਅਤੇ ਬੱਚਿਆਂ ਨੂੰ ਸਕੂਲ ਵਿੱਚ ਰੱਖਣ ਦੇ ਮਾਪਿਆਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰ ਸਕੇ ਹਾਂ।

ਜਦੋਂ ਕਿ ਇਸ ਨਾਲ ਬੱਚਿਆਂ ਨੂੰ ਤਿੰਨ ਹੋਰ ਸਾਲਾਂ ਦੀ ਨਿਰਵਿਘਨ ਪੜ੍ਹਾਈ ਤੋਂ ਫਾਇਦਾ ਹੋਵੇਗਾ, ਮੈਂ ਟੀਚਰਾਂ ਅਤੇ ਵਿਦਿਆਰਥੀਆਂ ਸਮੇਤ ਤੁਹਾਡੇ ਵਿੱਚੋਂ ਬਹੁਤਿਆਂ ਕੋਲੋਂ ਨੌਜਵਾਨਾਂ ਵਲੋਂ ਸਕੂਲ ਵਿੱਚ ਚਿੰਤਾਜਨਕ ਪੱਧਰ ਤੱਕ ਵੇਪਿੰਗ ਕਰਨ ਅਤੇ ਸੈੱਲਫੋਨਾਂ ਦੀ ਲਗਾਤਾਰ ਵਰਤੋਂ ਕਰਨ ਕਾਰਨ ਕਲਾਸਾਂ ਵਿੱਚ ਪੜ੍ਹਾਈ ਤੋਂ ਧਿਆਨ ਭੰਗ ਹੋਣ ਦੇ ਫਿਕਰਾਂ ਬਾਰੇ ਸੁਣਿਆ ਹੈ।

ਇਸ ਕਰਕੇ ਹੀ ਅਸੀਂ ਇਹਨਾਂ ਖਤਰਿਆਂ ਨਾਲ ਨਿਪਟਣ ਲਈ ਕੈਨੇਡਾ ਦੀ ਸਭ ਤੋਂ ਵਿਸਤ੍ਰਿਤ ਪਲੈਨ ਲਾਗੂ ਕਰ ਰਹੇ ਹਾਂ।

ਆਪਣੇ ਸਕੂਲਾਂ ਵਿੱਚ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਘਟਾਉਣ ਲਈ, ਇਸ ਸਤੰਬਰ ਤੋਂ ਅਸੀਂ ਪੜ੍ਹਾਉਣ ਦੇ ਸਮੇਂ ਦੌਰਾਨ ਸੈੱਲ ਫੋਨਾਂ ਦੀ ਵਰਤੋਂ `ਤੇ ਰੋਕ ਲਾ ਰਹੇ ਹਾਂ, ਤਾਂ ਜੋ ਵਿਦਿਆਰਥੀ ਮੁਢਲੀ ਸਿੱਖਿਆ ਅਤੇ ਪੜ੍ਹਨ, ਲਿਖਣ ਅਤੇ ਹਿਸਾਬ ਵਰਗੇ ਬੁਨਿਆਦੀ ਹੁਨਰਾਂ `ਤੇ ਧਿਆਨ ਕੇਂਦਰਿਤ ਕਰ ਸਕਣ।

ਕਿੰਡਰਗਾਰਟਨ ਤੋਂ ਗ੍ਰੇਡ 6 ਤੱਕ ਦੇ ਫੋਨ ਰੱਖਣ ਵਾਲੇ ਸਾਡੇ ਛੋਟੇ ਸਿੱਖਿਆਰਥੀਆਂ ਨੂੰ ਹੁਣ ਦਿਨ ਦੌਰਾਨ ਫੋਨਾਂ ਨੂੰ ਸਾਈਲੈਂਟ `ਤੇ ਅਤੇ ਅੱਖਾਂ ਤੋਂ ਦੂਰ ਰੱਖਣਾ ਪਵੇਗਾ।

7 ਤੋਂ 12 ਗ੍ਰੇਡ ਤੱਕ ਦੇ ਵਿਦਿਆਰਥੀ ਫੋਨ ਆਪਣੇ ਕੋਲ ਰੱਖ ਸਕਣਗੇ। ਪਰ ਪੜ੍ਹਾਉਣ ਦੇ ਸਮੇਂ ਦੌਰਾਨ ਉਹਨਾਂ ਦੀ ਤਾਂ ਹੀ ਇਜਾਜ਼ਤ ਹੋਵੇਗੀ ਜੇ ਇਸ ਦੀ ਪੜ੍ਹਾਉਣ ਵਾਲਿਆਂ (ਐਜੂਕੇਟਰਜ਼) ਵਲੋਂ ਸਪਸ਼ਟ ਰੂਪ ਵਿੱਚ ਆਗਿਆ ਦਿੱਤੀ ਹੋਵੇ।

ਅਸੀਂ ਰਿਪੋਰਟ ਕਾਰਡਾਂ `ਤੇ ਕਲਾਸ ਵਿੱਚ ਵਿਦਿਆਰਥੀਆਂ ਦੇ ਧਿਆਨ ਭਟਕਣ ਦੇ ਪੱਧਰਾਂ ਬਾਰੇ ਟਿੱਪਣੀਆਂ ਸ਼ਾਮਲ ਕਰਨ ਲਈ ਵੀ ਵਚਨਬੱਧ ਹਾਂ। ਅਸੀਂ ਸਮਝਦੇ ਹਾਂ ਕਿ ਕਈ ਮਾਪੇ ਸਕੂਲ ਦੌਰਾਨ ਆਪਣੇ ਬੱਚਿਆਂ ਨਾਲ ਗੱਲਬਾਤ ਕਰਨਾ ਚਾਹੁੰਦੇ ਹੋਣਗੇ, ਅਤੇ ਉਪ੍ਰੋਕਤ ਦਰਜ ਕੀਤੀਆਂ ਪਾਲਸੀਆਂ ਅਜੇ ਵੀ ਨਾ-ਪੜ੍ਹਾਉਣ ਦੇ ਸਮੇਂ (ਨੌਨ-ਇੰਸਟ੍ਰਕਸ਼ਨਲ ਟਾਈਮ) ਅਤੇ ਪੜ੍ਹਾਉਣ ਵਾਲੇ ਦੀ ਇਜਾਜ਼ਤ ਨਾਲ ਅਜਿਹਾ ਕਰਨ ਦੀ ਇਜਾਜ਼ਤ ਦੇਣਗੀਆਂ।

ਜਦੋਂ ਸੈੱਲ ਫੋਨਾਂ ਦੀ ਗੱਲ ਆਉਂਦੀ ਹੈ, ਤਾਂ ਓਨਟਾਰੀਓ ਦੀ ਪਾਲਸੀ ਹੈ: ਅੱਖਾਂ ਤੋਂ ਦੂਰ ਅਤੇ ਸੋਚ ਤੋਂ ਦੂਰ।

ਵਿਅਕਤੀਆਂ ਦੇ ਵਿਅਕਤੀਆਂ ਨਾਲ ਰਿਸ਼ਤਿਆਂ, ਸੰਚਾਰ ਅਤੇ ਸਮਾਜਕ-ਭਾਵਨਾਤਮਕ ਹੁਨਰਾਂ ਨੂੰ ਮਜ਼ਬੂਤ ਕਰਨ ਲਈ ਅਸੀਂ ਸਕੂਲਾਂ ਦੇ ਸਾਰੇ ਨੈੱਟਵਰਕਾਂ ਅਤੇ ਯੰਤਰਾਂ ਤੋਂ ਸੋਸ਼ਲ ਮੀਡੀਏ ਦੇ ਵੈੱਬਸਾਈਟ ਵੀ ਹਟਾ ਰਹੇ ਹਾਂ।

ਅਸੀਂ ਵੇਪਿੰਗ ਦੇ ਵਿਰੁੱਧ ਸਖਤ ਪਾਲਸੀ ਦਾ ਵੀ ਐਲਾਨ ਕੀਤਾ ਹੈ ਜਿਸ ਅਧੀਨ ਮਾਪਿਆਂ ਨੂੰ ਇਕ ਦਮ ਸੂਚਿਤ ਕੀਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਕੋਲ ਹੋਣ ਵਾਲੇ ਵੇਪਾਂ ਨੂੰ ਲੈ ਲਿਆ ਜਾਂਦਾ ਹੈ ਅਤੇ ਸੁੱਟ ਦਿੱਤਾ ਜਾਂਦਾ ਹੈ। ਉਹਨਾਂ ਵਿਦਿਆਰਥੀਆਂ ਨੂੰ ਇਕਦਮ ਨਤੀਜੇ ਭੁਗਤਣੇ ਪੈਣਗੇ, ਜਿਹਨਾਂ ਕੋਲੋਂ ਗੈਰ-ਕਾਨੂੰਨੀ ਪਦਾਰਥ ਫੜੇ ਜਾਣਗੇ ਅਤੇ ਲੋੜ ਪੈਣ `ਤੇ ਪੜ੍ਹਾਈ, ਰੋਕਥਾਮ ਅਤੇ ਤਾਮੀਲ ਲਈ ਪਬਲਿਕ ਹੈਲਥ ਯੂਨਿਟਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਅਸੀਂ ਸਕੂਲਾਂ ਨੂੰ ਵੇਪ ਡਿਟੈਕਟਰ ਲਾਉਣ ਲਈ ਪੈਸੇ ਵੀ ਦੇ ਰਹੇ ਹਾਂ ਤਾਂ ਕਿ ਉਹ ਇਹਨਾਂ ਨਵੇਂ ਨਿਯਮਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰ ਸਕਣ।

ਸਿੱਖਿਆ, ਅਮਲੀਆਂ ਵਾਲੇ ਵਤੀਰਿਆਂ ਅਤੇ ਲਾਗੂ ਕਰਨ ਵਿੱਚ ਸਮਰਥਨ ਕਰਨ ਲਈ ਅਸੀਂ ਵਿਦਿਆਰਥੀਆਂ ਲਈ ਮਦਦਾਂ (ਰੈਪ-ਅਰਾਊਂਡ ਸੁਪੋਰਟਸ) ਵਿੱਚ ਵੀ ਵਾਧਾ ਕਰ ਰਹੇ ਹਾਂ, ਅਤੇ ਇਸ ਦੇ ਨਾਲ ਹੀ ਤਬਦੀਲੀਆਂ ਨਾਲ ਨਿਪਟਣ ਲਈ ਟੀਚਰਾਂ ਲਈ ਸਮਰਪਤ ਸਿੱਖਲਾਈ ਅਤੇ

ਮਾਪਿਆਂ ਲਈ ਮਦਦਾਂ ਨੂੰ ਵੀ ਵਧਾ ਰਹੇ ਹਾਂ। ਮੈਂ ਤੁਹਾਨੂੰ ਅਪਡੇਟ ਕੀਤੀ ਪ੍ਰੋਵਿੰਸ਼ਿਅਲ ਕੋਡ ਆਫ ਕੰਡਕਟ ਪੜ੍ਹਨ ਲਈ ਉਤਸ਼ਾਹਿਤ ਕਰਦਾ ਹਾਂ, ਜਿਸ ਵਿੱਚ ਇਹਨਾਂ ਤਬਦੀਲੀਆਂ ਬਾਰੇ ਦੱਸਿਆ ਗਿਆ ਹੈ।

ਪਾਲਿਸੀ ਜਿੰਨੀ ਮਰਜ਼ੀ ਤਕੜੀ ਹੋਵੇ, ਅਸੀਂ ਇਹ ਇਕੱਲੇ ਨਹੀਂ ਕਰ ਸਕਦੇ।

ਵਤੀਰੇ ਨੂੰ ਸੱਚਮੁੱਚ ਤਬਦੀਲ ਕਰਨ ਲਈ, ਅਸੀਂ ਸਤੰਬਰ ਵਲ ਵਧਦਿਆਂ ਤੁਹਾਡੇ ਕੋਲੋਂ ਨਵੀਂਆਂ ਉਮੀਦਾਂ ਅਤੇ ਸਕੂਲ ਦੇ ਸਟਾਫ ਅਤੇ ਨਵੇਂ ਨਿਯਮਾਂ ਦਾ ਸਤਿਕਾਰ ਕਰਨ ਲਈ ਘਰ ਵਿੱਚ ਗੱਲਬਾਤ ਕਰਨ ਲਈ ਸਮਰਥਨ ਅਤੇ ਸਹਿਯੋਗ ਦੀ ਮੰਗ ਕਰ ਰਹੇ ਹਾਂ।

ਤਬਦੀਲੀ ਉਦੋਂ ਆਵੇਗੀ ਜਦੋਂ ਅਸੀਂ ਸਾਰੇ ਰਲ ਕੇ ਕੰਮ ਕਰਾਂਗੇ ਅਤੇ ਇਹਨਾਂ ਨਵੇਂ ਉਪਾਵਾਂ ਨੂੰ ਲਾਗੂ ਕਰਨ ਵਾਲੇ ਟੀਚਰਾਂ, ਪ੍ਰਿੰਸੀਪਲਾਂ ਅਤੇ ਸਿੱਖਿਆ ਕਰਮਚਾਰੀਆਂ ਦੇ ਨਾਲ ਖੜ੍ਹਾਂਗੇ। ਤੁਹਾਡਾ ਸਹਿਯੋਗ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਵਿਦਿਆਰਥੀ ਮੁਢਲੀ ਸਿੱਖਿਆ ਅਤੇ ਪੜ੍ਹਨ `ਤੇ ਧਿਆਨ ਕੇਂਦਰਿਤ ਕਰ ਸਕਣ ਅਤੇ ਭਵਿੱਖ ਦੀਆਂ ਨੌਕਰੀਆਂ ਲਈ ਤਿਆਰ ਹੋ ਸਕਣ।

ਅਜਿਹਾ ਕਰਕੇ, ਅਸੀਂ ਦੁਬਾਰਾ ਆਮ ਸੂਝ (ਕਾਮਨ ਸੈਂਸ) ਕਾਇਮ ਕਰਾਂਗੇ, ਜਿੱਥੇ ਧਿਆਨ ਅਕਾਦਮਿਕ ਪ੍ਰਾਪਤੀਆਂ ਅਤੇ ਤੁਹਾਡੇ ਬੱਚੇ ਦੀ ਸੁਰੱਖਿਆ `ਤੇ ਹੋਵੇਗਾ।

ਧੰਨਵਾਦ,

ਮਾਨਯੋਗ ਸਟੀਫਨ ਲੇਚੇ

ਐਜੂਕੇਸ਼ਨ ਦਾ ਮਨਿਸਟਰ